# BUDHA DAL PUBLIC SCHOOL, PATIALA
## Final Examination (21 March 2024)
**Class - XI**
**Paper - Punjabi (104)**

**Time: 3 hrs.** **MM: 80**

**ਆਮ ਨਿਰਦੇਸ਼:**

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

**ਅਡਵਾਂਸ ਪੜ੍ਹਨ ਕੌਸ਼ਲ**

**ਪ੍ਰ1. ਹੇਠਾਂ ਲਿਖੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ:** (5)

ਪੇਂਡੂ ਜੀਵਨ ਸਾਡੇ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਹੈ। ਦਿਨੋ-ਦਿਨ ਵੱਧ ਰਹੇ ਸ਼ਹਿਰੀਕਰਨ ਨੇ ਆਪਣਾ ਪ੍ਰਭਾਵ ਪਿੰਡਾਂ ਵਿੱਚ ਵੀ ਛੱਡਣਾ ਸ਼ੁਰੂ ਕਰ ਦਿੱਤਾ ਹੈ। ਸਾਡਾ ਅਮੀਰ ਸੱਭਿਆਚਾਰ ਪਿੰਡਾਂ ਵਿੱਚ ਵੱਸਦਾ ਹੈ। ਵਿਗਿਆਨਕ ਤਰੱਕੀ, ਸਮੇਂ ਦੀ ਘਾਟ, ਪੱਛਮੀ ਸੱਭਿਆਚਾਰ ਦੇ ਕਾਰਨ, ਫਾਇਦਿਆਂ ਦੇ ਨਾਲ-ਨਾਲ ਕਾਫ਼ੀ ਨੁਕਸਾਨ ਵੀ ਹੋਏ ਹਨ। ਪਿੰਡਾਂ ਦੀ ਮੋਹ-ਮੁਹੱਬਤ ਹੁਣ ਖ਼ਤਮ ਹੋਣ ਜਾ ਰਹੀ ਹੈ ਜਾਂ ਹੋ ਚੁੱਕੀ ਹੈ। ਕਈ ਵਾਰ ਤਾਂ ਇੰਝ ਲੱਗਦਾ ਹੈ ਕਿ ਸਾਡਾ ਸੱਭਿਆਚਾਰ ਹੁਣ ਖ਼ਤਮ ਹੀ ਹੋ ਗਿਆ ਹੈ। ਕੋਈ ਸਮਾਂ ਸੀ ਜਦੋਂ ਮਾਲਵੇ ਦੇ ਪਿੰਡਾਂ ਅਤੇ ਮਾਰੂਥਲ ਦੀ ਮਹਿਕ ਦਾ ਆਪਣਾ ਹੀ ਵੱਖਰਾ ਸੰਦਲੀ ਸਵਾਦ ਸੀ। ਕਈ ਵਾਰ ਤਾਂ ਮਾਲਵੇ ਦੇ ਪਿੰਡਾਂ ਦੇ ਮਾਰੂਥਲ ਵਿੱਚੋਂ ਵੀ ਚੰਦਨ ਵਰਗੀ ਮਹਿਕ ਆਉਂਦੀ ਸੀ, ਕਿਰੇ ਚਿੱਬੜਾਂ ਦੀ ਖੁਸ਼ਬੂ, ਮੱਲ੍ਹਿਆਂ ਦੇ ਬੇਰ, ਜੰਡ ਨਾਲ ਲਟਕਦੇ ਖੋਖੇ, ਫੁੱਲਾਂ ਨਾਲ ਲੱਦੇ ਕਰੀਰ, ਝੂਮਦਾ ਸਰਕੜਾ, ਸਵਰਗ ਦੀ ਯਾਦ ਕਰਵਾਉਂਦੇ ਸਨ। ਹੁਣ ਕਰੀਰ, ਜੰਡ, ਰੇਰੂ, ਬੀਤੇ ਸਮੇਂ ਦੀਆਂ ਬਾਤਾਂ ਬਣ ਕੇ ਰਹਿ ਗਏ ਹਨ। ਪਿੰਡਾਂ ਦੀ ਆਪਣੀ ਕਹਾਣੀ ਸੀ।

(i) ਪਿੰਡਾਂ ਵਿੱਚੋਂ ਪੇਂਡੂ ਸੱਭਿਆਚਾਰ ਦੇ ਅਲੋਪ ਹੋਣ ਦਾ ਕੀ ਕਾਰਨ ਹੈ ?
- (ੳ) ਵਿਗਿਆਨਕ ਤਰੱਕੀ
- (ਅ) ਮੋਹ-ਪਿਆਰ
- (ੲ) ਪੁਰਾਤਨਤਾ
- (ਸ) ਨਸ਼ੇ

(ii) ਪਿੰਡਾਂ ਵਿੱਚੋਂ ਕਿਹੜੀ ਚੀਜ਼ ਖ਼ਤਮ ਹੁੰਦੀ ਜਾ ਰਹੀ ਹੈ ?
- (ੳ) ਟਰੈਕਟਰ
- (ਅ) ਜੀਪਾਂ
- (ੲ) ਦੁਸ਼ਮਣੀ
- (ਸ) ਮੋਹ-ਮੁਹੱਬਤ

(iii) ਪੰਜਾਬ ਦੇ ਮਾਲਵੇ ਇਲਾਕੇ ਦੇ ਮਾਰੂਥਲ ਦੀ ਮਹਿਕ ਦੀ ਤੁਲਨਾ ਲੇਖਕ ਨੇ ਕਿਸ ਨਾਲ ਕੀਤੀ ਹੈ ?
- (ੳ) ਬੋਹੜ ਨਾਲ਼
- (ਅ) ਪਿੱਪਲ ਨਾਲ਼
- (ੲ) ਜੰਡ ਨਾਲ਼
- (ਸ) ਚੰਦਨ ਨਾਲ਼

(iv) ਵਾਰਤਕ ਅਨੁਸਾਰ ਅਮੀਰ ਸੱਭਿਆਚਾਰ ਕਿੱਥੇ ਵੱਸਦਾ ਸੀ ?
- (ੳ) ਪਿੰਡਾਂ ਵਿੱਚ
- (ਅ) ਸ਼ਹਿਰਾਂ ਵਿੱਚ
- (ੲ) ਪੱਛਮੀ ਸੱਭਿਆਚਾਰ ਵਿੱਚ
- (ਸ) ਮਹਾਂਨਗਰਾਂ ਵਿੱਚ

(v) ਪੈਰੇ ਅਨੁਸਾਰ ਪਿੰਡਾਂ ਦੀ ਆਪਣੀ ਕੀ ਹੈ ?
- (ੳ) ਜਵਾਨੀ
- (ਅ) ਕਹਾਣੀ
- (ੲ) ਨਿਸ਼ਾਨੀ
- (ਸ) ਇਹਨਾਂ ਵਿੱਚੋਂ ਕੋਈ ਨਹੀਂ

**ਪ੍ਰਭਾਵਸ਼ਾਲੀ ਲਿਖਣ – ਕੌਸ਼ਲ**

**ਪ੍ਰ2.** ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਕਿਸਾਨਾਂ ਦੀਆਂ ਅਹਿਮ ਸਮੱਸਿਆਵਾਂ ਸੰਬੰਧੀ ਪੱਤਰ ਲਿਖੋ। **(7)**

**ਜਾਂ**

ਆਪਣੇ ਇਲਾਕੇ 'ਚ ਅਵਾਰਾ ਪਸ਼ੂਆਂ ਦੀਆਂ ਸਮੱਸਿਆਵਾਂ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ 'ਤੇ (200-250) ਸ਼ਬਦਾਂ ਦਾ ਲੇਖ ਲਿਖੋ:** **(8)**

**ਮੇਰੇ ਜੀਵਨ ਦਾ ਉਦੇਸ਼**

ਨੁਕਤੇ: ਜਾਣ-ਪਛਾਣ, ਉਦੇਸ਼ ਦੀ ਚੋਣ ਕਿਵੇਂ?, ਮੇਰੇ ਜੀਵਨ ਦਾ ਉਦੇਸ਼, ਇੱਛਾ ਦਾ ਕਾਰਨ, ਕਿੱਤੇ ਦਾ ਮਹੱਤਵ, ਸਿੱਟਾ।

**ਸਮੇਂ ਦੀ ਕਦਰ**

ਨੁਕਤੇ: ਭੂਮਿਕਾ, ਸਾਡੀਆਂ ਆਦਤਾਂ, ਕੁਦਰਤ ਤੇ ਸਮਾਂ, ਵੱਡੇ ਵਿਅਕਤੀਆਂ ਦੇ ਮਹਾਨ ਬਣਨ ਦਾ ਰਾਜ਼, ਵਿਦੇਸ਼ਾਂ ਵਿੱਚ ਸਮੇਂ ਦੀ ਕਦਰ, ਸਮਾਂ ਨਸ਼ਟ ਕਰਨ ਦੇ ਨੁਕਸਾਨ, ਸਿੱਟਾ।

**ਆਨ-ਲਾਈਨ ਖ਼ਰੀਦਦਾਰੀ**

ਨੁਕਤੇ: ਜਾਣ-ਪਛਾਣ, ਵੱਖ-ਵੱਖ ਕੰਪਨੀਆਂ, ਆਨ-ਲਾਈਨ ਖ਼ਰੀਦਦਾਰੀ, ਆਨ-ਲਾਈਨ ਖ਼ਰੀਦਦਾਰੀ ਦੇ ਲਾਭ, ਆਨ-ਲਾਈਨ ਖ਼ਰੀਦਦਾਰੀ ਦੇ ਨੁਕਸਾਨ, ਸਮਾਨ ਵਾਪਸ ਕਰਨ ਦੀ ਸਹੂਲਤ, ਸਿੱਟਾ।

**ਵਿਹਾਰਕ ਵਿਆਕਰਨ**

**ਪ੍ਰ4. ਕਿਸੇ ਚਾਰ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** **(4)**

Institution, Lockout, Sample, Branch, Damage, Amount

**ਪ੍ਰ5. ਕਿਸੇ ਚਾਰ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** **(2×4=8)**

i) Central Processing Unit is the brain of the computer.

ii) Everyone should have an insurance in his life.

iii) Use block letters for filling in the money order form.

iv) A proper queue helps early disposal.

v) Please count the cheques contained here in before use.

vi) Always shut down computer properly.

**ਪ੍ਰ6. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਛੇ ਮੁਹਾਵਰਿਆਂ ਦੇ ਅਰਥ ਦੱਸ ਕੇ ਉਹਨਾਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ:** **(6)**

ਮੂੰਹ 'ਤੇ ਹਵਾਈਆਂ ਉੱਡਣੀਆਂ, ਰੰਗ ਵਿੱਚ ਭੰਗ ਪਾਉਣਾ, ਫੁੱਲੇ ਨਾ ਸਮਾਉਣਾ, ਢੇਰੀ ਢਾਹ ਬਹਿਣਾ, ਜਿਊਣਾ ਦੁੱਭਰ ਹੋਣਾ, ਚੱਟਮ ਕਰਨ ਜਾਣਾ, ਖ਼ੂਨ ਸਫ਼ੈਦ ਹੋਣਾ, ਉਂਗਲਾਂ 'ਤੇ ਨਚਾਉਣਾ।

ਪ੍ਰ7. ਮਕਾਨ ਕਿਰਾਏ ਤੇ ਦੇਣ ਲਈ (50 ਸ਼ਬਦਾਂ ਵਿੱਚ) ਇਸ਼ਤਿਹਾਰ ਲਿਖੋ। (8)

**ਜਾਂ**

ਵਿਆਹ ਲਈ ਸੱਦਾ ਪੱਤਰ ਲਿਖੋ।

**ਪਾਠ - ਪੁਸਤਕ 'ਤੇ ਅਧਾਰਤ**

**ਪ੍ਰ8. ਸਹੀ ਵਿਕਲਪ ਚੁਣ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:** **(1×10=10)**

1. "ਚੜ੍ਹ ਚੁਬਾਰੇ ਸੁੱਤਿਆ ਬਾਬਲ, ਆਈ ਬਨੇਰੇ ਦੀ ਛਾਂ
ਤੂੰ ਸੁੱਤਾ ਲੋਕੀ ਜਾਗਦੇ, ਘਰ ਬੇਟੜੀ ਹੋਈ ਮੁਟਿਆਰ।"

ਉਪਰੋਕਤ ਸਤਰਾਂ ਲੋਕ-ਗੀਤਾਂ ਦੀ ਕਿਹੜੀ ਵੰਨਗੀ ਵਿੱਚੋਂ ਹਨ?

ੳ) ਸੁਹਾਗ ਅ) ਘੋੜੀਆਂ ੲ) ਟੱਪਾ ਸ) ਬੋਲੀਆਂ

2. ਬੇਟੀ ਨੂੰ ਕਿਸ ਵਰਗਾ ਵਰ ਚਾਹੀਦਾ ਹੈ?

ੳ) ਸ਼ਿਵਜੀ ਵਰਗਾ ਅ) ਕ੍ਰਿਸ਼ਨ ਜੀ ਵਰਗਾ ੲ) ਰੱਬ ਵਰਗਾ ਸ) ਸੁਹਣਾ ਸੁਨੱਖਾ

3. 'ਨਿਲੱਜਿਓ ਲੱਜ ਤੁਹਾਨੂੰ ਨਹੀਂ' ਸਿੱਠਣੀ ਵਿੱਚ ਨਿਲੱਜਿਓ ਤੋਂ ਕੀ ਭਾਵ ਹੈ?

ੳ) ਲੱਜ ਵਾਲੇ ਅ) ਬੇਪਰਵਾਹ ੲ) ਸ਼ਰਮ ਵਾਲੇ ਸ) ਬੇਸ਼ਰਮ

4. 'ਅੰਬਰ ਦਾ ਰਾਜਾ' ਕਿਸ ਨੂੰ ਕਿਹਾ ਗਿਆ ਹੈ?

ੳ) ਰੱਬ ਨੂੰ ਅ) ਪਿਓ ਨੂੰ ੲ) ਸਹੁਰੇ ਨੂੰ ਸ) ਘਰ ਦੇ ਮਾਲਕ ਨੂੰ

5. ਗੱਭਰੂ ਸਾਧ ਦੇ ਡੇਰੇ ਕੀ ਸਿੱਖਦਾ ਹੈ?

ੳ) ਅੰਗਰੇਜ਼ੀ ਅ) ਗੁਰਮੁੱਖੀ ੲ) ਫਾਰਸੀ ਸ) ਉਰਦੂ

6. ਪੂਰਨ ਭਗਤ ਕੌਣ ਸੀ?

ੳ) ਪੂਰਨ ਸਿੰਘ ਦਾ ਪੁੱਤਰ ਅ) ਭਗਤ ਰਵੀਦਾਸ ਦਾ ਪੁੱਤਰ

ੲ) ਰਾਂਝੇ ਦਾ ਭਰਾ ਸ) ਰਾਜਾ ਸਲਵਾਨ ਦਾ ਪੁੱਤਰ

7. ਰਾਜਾ ਸਿਰਕੱਪ ਕਿਹੜੇ ਖੇਡ ਖੇਡਦਾ ਸੀ?

ੳ) ਸ਼ਤਰੰਜ ਅ) ਚੌਪੜ ੲ) ਕੌਡੀਆਂ ਸ) ਇਹਨਾਂ ਵਿੱਚੋਂ ਕੋਈ ਨਹੀਂ

8. ਦੁੱਲੇ ਦੇ ਚਾਚੇ ਦਾ ਕੀ ਨਾਂ ਸੀ?

ੳ) ਅਕਬਰ ਅ) ਸਲੀਮ ੲ) ਜਲਾਲਦੀਨ ਸ) ਕੁਤਬਦੀਨ

9. ਰਸਾਲੂ ਦੇ ਬਚਪਨ ਦੇ ਦੋਸਤ ਕੌਣ ਸਨ?

ੳ) ਵਛੇਰਾ ਤੇ ਤੋਤਾ ਅ) ਕਾਂ ਤੇ ਕਬੂਤਰ ੲ) ਘੋੜਾ ਤੇ ਗਾਂ ਸ) ਤੋਤਾ, ਤੋਤੀ

10. ਲੂਣਾ ਕੌਣ ਸੀ?

ੳ) ਰਾਜਾ ਸਲਵਾਨ ਦੀ ਪਤਨੀ ਅ) ਕੋਟਲੇ ਦੀ ਰਾਣੀ ੲ) ਪੂਰਨ ਦੀ ਪਤਨੀ ਸ) ਰਾਜਾ ਸਲਵਾਨ ਦੀ ਧੀ

**ਪ੍ਰ9. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਛੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** **(2×6=12)**

ੳ) 'ਹਰਿਆ ਨੀ ਮਾਲਣ' ਘੋੜੀ ਵਿੱਚ ਮੁੰਡੇ ਦੇ ਜੰਮਣ ਉੱਤੇ ਕਿਸ-ਕਿਸ ਨੂੰ ਅਤੇ ਕਿਹੜੇ-ਕਿਹੜੇ ਤੋਹਫ਼ੇ ਦਿੱਤੇ ਗਏ?

ਅ) 'ਜੱਗ ਜਿਊਣ ਵੱਡੀਆਂ ਭਰਜਾਈਆਂ ਪਾਣੀ ਮੰਗੋ, ਦੁੱਧ ਦਿੰਦੀਆਂ।' ਇਸ ਟੱਪੇ ਵਿੱਚ ਕਿਹੜੇ ਭਾਵ ਪ੍ਰਗਟ ਹੋਏ ਹਨ?

ੲ) 'ਸਾਡੇ ਪਿੰਡ ਦੇ ਮੁੰਡੇ ਵੇਖ ਲਓ' ਬੋਲੀ ਵਿੱਚ ਪਿੰਡ ਦੇ ਮੁੰਡਿਆਂ ਦਾ ਪਹਿਰਾਵਾ ਕਿਹੋ ਜਿਹਾ ਹੈ?

ਸ) ਬੁਝਾਰਤ ਤੋਂ ਕੀ ਭਾਵ ਹੈ? ਬੁਝਾਰਤ ਦੀਆਂ ਮੂਲ ਕਿਸਮਾਂ ਕਿਹੜੀਆਂ ਹਨ?

ਣਾ ਨੇ ਪੂਰਨ ਉੱਤੇ ਝੂਠੀ ਤੁਹਮਤ ਕਿਉਂ ਲਾਈ?

ਰਾਜਾ ਸਲਵਾਨ ਨੇ ਰਸਾਲੂ ਨੂੰ ਦੇਸ-ਨਿਕਾਲਾ ਕਿਉਂ ਦਿੱਤਾ?

ਗ) ਮਿਰਜ਼ੇ ਦਾ ਸਾਹਿਬਾਂ ਨਾਲ ਮੇਲ ਕਿਵੇਂ ਹੋਇਆ?

ਗ) ਰਾਂਝਾ ਜੋਗੀ ਕਿਵੇਂ ਬਣ ਗਿਆ?

**ਪ੍ਰ10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨਾਂ ਦੇ ਉੱਤਰ 40-50 ਸ਼ਬਦਾਂ ਵਿੱਚ ਦਿਓ:** **(3×4=12)**

ੳ) ਹੀਰ-ਰਾਂਝਾ ਪ੍ਰੀਤ ਕਹਾਣੀ ਦੇ ਅੰਤ ਬਾਰੇ ਦੋ ਰਵਾਇਤਾਂ ਕਿਵੇਂ ਹਨ?

ਅ) ਦੁੱਲੇ ਦੇ ਪਿਓ-ਦਾਦੇ ਨਾਲ ਕੀ ਬੀਤੀ ਸੀ?

ੲ) ਕੋਕਲਾਂ ਕੌਣ ਸੀ? ਉਹ ਰਾਜਾ ਰਸਾਲੂ ਦੇ ਜੀਵਨ ਵਿੱਚ ਕਿਵੇਂ ਆਈ?

ਸ) 'ਸਾਡਾ ਚਿੜੀਆਂ ਦਾ ਚੰਬਾ' ਸੁਹਾਗ ਵਿੱਚ ਧੀ ਆਪਣੇ ਬਾਬਲ ਦੇ ਘਰ ਨੂੰ ਵਡਿਆਉਂਦੀ ਹੈ, ਦੱਸੋ ਕਿਵੇਂ?

ਹ) ਸਿੱਠਣੀਆਂ ਵਿੱਚ ਖਾਣ-ਪੀਣ ਸੰਬੰਧੀ ਕੀ ਮਖੌਲ ਕੀਤਾ ਜਾਂਦਾ ਹੈ? ਅਜਿਹੀ ਕਿਸੇ ਇੱਕ ਸਿੱਠਣੀ ਦੀ ਉਦਾਹਰਨ ਦਿਓ।

ਕ) 'ਨਿੱਕੀ-ਨਿੱਕੀ ਬੂੰਦੀ' ਨਾਂ ਦੀ ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੀ ਭੈਣ ਤੇ ਭਰਜਾਈ ਕਿਹੜੀ-ਕਿਹੜੀ ਰਸਮ ਅਦਾ ਕਰਦੀਆਂ ਹਨ?